# ਪੈਪਸੀਕੋ ਇੰਡੀਆ ਦੇ ਡਾਇਰੈਕਟ ਸੀਡਿੰਗ ਪ੍ਰੋਗਰਾਮ ਦੇ ਸ਼ਾਨਦਾਰ ਨਤੀਜੇ





ਜਲੰਧਰ, 30 ਜੁਲਾਈ (ਜੇ.ਐਸ.ਸੋਢੀ) - ਪੈਪਸੀਕੋ ਇੰਡੀਆ ਨੇ ਅੱਜ ਜੱਲੋਵਾਲ ਵਿਖੇ ਝੋਨੇ ਦੀ ਬਿਜਾਈ ਲਈ ਕਰਾਂਤੀਕਾਰੀ ਡਾਇਰੈਕਟ ਸੀਡਿੰਗ ਪ੍ਰਣਾਲੀ ਦੀ ਸਫਲਤਾ ਦਾ ਐਲਾਨ ਕੀਤਾ। ਇਸ ਅਨੋਖੇ ਪ੍ਰਯੋਗ ਨਾਲ ਲਗਭਗ 30 ਪ੍ਰਤੀਸ਼ਤ (900 ਕਿਲੋ ਲਿਟਰ ਪ੍ਰਤੀ ਏਕੜ) ਪਾਣੀ ਦੀ ਬਚਤ ਹੁੰਦੀ ਹੈ, ਨਾਲ ਹੀ ਕਿਸਾਨਾਂ ਨੂੰ ਕਾਸ਼ਤ ਦੇ ਖਰਚ ਵਿਚ 1500 ਰੁਪਏ ਪ੍ਰਤੀ ਏਕੜ ਦੀ ਬਚਤ ਵੀ ਹੁੰਦੀ ਹੈ।

ਇਸ ਮੌਕੇ 'ਤੇ ਪੈਪਸੀਕੋ ਇੰਡੀਆ ਦੇ ਐਗਰੀਕਲਚਰ ਡਵੀਜ਼ਨ ਦੇ ਜਨਰਲ ਮੈਨੇਜਰ ਡਾ: ਸੁਸ਼ੀਲ ਸਾਂਖਿਆਨ ਨੇ ਕਿਹਾ, 'ਝੋਨੇ ਦੀ ਬਿਜਾਈ ਵਿਚ ਪਾਣੀ ਦੀ ਬਹੁਤ ਜ਼ਿਆਦਾ ਖਪਤ ਹੁੰਦੀ ਹੈ। ਸਾਲ ਦਰ-ਸਾਲ ਪਾਣੀ ਦੀ ਇਸ ਖਪਤ ਦੇ ਕਾਰਨ ਪੰਜਾਬ ਵਿਚ ਜ਼ਮੀਨ ਦੇ ਹੇਠਲੇ ਪਾਣੀ ਦਾ ਪੱਧਰ ਘਟਦਾ ਚਲਾ ਗਿਆ। ਉਨ੍ਹਾਂ ਕਿਹਾ ਕਿ ਪੈਪਸੀਕੋ ਇੰਡੀਆ ਨੇ ਭਾਰਤੀ ਖੇਤੀ ਨੂੰ ਲਾਭਦਾਇਕ ਕਿੱਤਾ ਬਣਾਉਣ ਅਤੇ ਪਾਣੀ ਦੀ ਖਪਤ ਨੂੰ ਘੱਟ ਕਰਨ ਲਈ ਝੋਨੇ ਦੀ ਬਿਜਾਈ ਲਈ ਡਾਇਰੈਕਟ ਸੀਡਿੰਗ ਦਾ ਕਰਾਂਤੀਕਾਰੀ ਢੰਗ ਕੱਢਿਆ। ਇਸ ਤਕਨੀਕ ਨੂੰ ਕਿਸਾਨਾਂ ਨੇ ਵੱਡੇ ਪੱਧਰ 'ਤੇ ਅਪਣਾਇਆ ਹੈ। ਪੰਜਾਬ ਵਿਚ ਵਾਤਾਵਰਨ ਦੇ ਲਾਭ ਦੇ ਨਾਲ-ਨਾਲ ਕਿਸਾਨਾਂ ਦੇ ਆਰਥਿਕ ਲਾਭ ਨੂੰ ਦੇਖਦੇ ਹੋਏ ਹੁਣ ਪੈਪਸੀਕੋ ਨੇ ਇਸ ਪ੍ਰਯੋਗ ਨੂੰ ਰਾਜਸਥਾਨ, ਕਰਨਾਟਕ, ਤਾਮਿਲਨਾਡੂ ਅਤੇ ਪਾਂਡੇਚੇਰੀ ਵਿਚ ਵੀ ਲਾਗੂ ਕਰ ਦਿੱਤਾ ਹੈ। ਉਮੀਦ ਹੈ ਕਿ ਇਸ ਸਾਲ ਇਸ ਤਕਨੀਕ ਦੇ ਸਫਲਤਾਪੂਰਵਕ ਪ੍ਰਯੋਗ ਕਰਦੇ ਹੋਏ 5 ਅਰਬ ਲਿਟਰ ਪਾਣੀ ਦੀ ਬਚਤ ਕਰ ਲਈ ਜਾਵੇਗੀ। ਇਸ ਮੌਕੇ ਇਸ ਤਕਨੀਕ ਨਾਲ ਖੇਤੀ ਕਰਨ ਵਾਲੇ ਕਿਸਾਨਾਂ ਸੁਰਜੀਤ ਸਿੰਘ, ਸੁਖਜੀਤ ਸਿੰਘ, ਮਨਿੰਦਰਜੀਤ ਸਿੰਘ ਅਤੇ ਪ੍ਰਗਟ ਸਿੰਘ ਨੇ ਵੀ ਆਪਣੇ ਅਨੁਭਵ ਦੱਸੇ।